Weekly

# CANADA SIKH TIMES

27 July - 2 August 2024

ਕੈਨੇਡਾ ਸਿੱਖ ਟਾਈਮਜ਼

Volume 2 Issue 30

• RELIGION • CULTURE • HERITAGE • BUSINESS

## ਰਣਧੀਰ ਸਿੰਘ ਦਾ ਏਸ਼ੀਆਈ ਓਲੰਪਿਕ ਕੌਂਸਲ ਮੁਖੀ ਬਣਨਾ ਤੈਅ



ਕੌਮਾਂਤਰੀ ਓਲੰਪਿਕ ਕਮੇਟੀ (ਆਈ.ਓ.ਸੀ.) ਦੇ ਸਾਬਕਾ ਮੈਂਬਰ ਅਤੇ ਭਾਰਤੀ ਓਲੰਪਿਕ ਸੰਘ (ਆਈ.ਓ.ਏ.) ਦੇ ਸਾਬਕਾ ਸਕੱਤਰ ਜਨਰਲ 77 ਸਾਲਾ ਰਣਧੀਰ ਇਸ ਸਮੇਂ ਮਹਾਂਦੀਪ ਦੀ ਚੋਟੀ ਦੀ ਓਲੰਪਿਕ ਸੰਸਥਾ ਦੇ ਕਾਰਜਕਾਰੀ ਮੁਖੀ ਹਨ। ਓ.ਸੀ.ਏ. ਨੇ ਇਕ ਬਿਆਨ ਵਿਚ ਕਿਹਾ ਕਿ ਓ.ਸੀ.ਏ. ਚੋਣ ਕਮਿਸ਼ਨ ਇਸ ਗੱਲ ਦੀ ਪੁਸ਼ਟੀ ਕਰਦਾ ਹੈ ਕਿ ਓ.ਸੀ.ਏ. ਦੇ ਕਾਰਜਕਾਰੀ ਪ੍ਰਧਾਨ ਰਣਧੀਰ ਸਿੰਘ ਇਕਲੌਤੇ ਉਮੀਦਵਾਰ ਹਨ ਜਿਨ੍ਹਾਂ ਨੂੰ 8 ਸਤੰਬਰ, 2024 ਨੂੰ ਹੋਣ ਵਾਲੀਆਂ ਓ.ਸੀ.ਏ. ਜਨਰਲ ਅਸੈਂਬਲੀ ਚੋਣਾਂ ਲਈ ਨਾਮਜ਼ਦ ਕੀਤਾ ਗਿਆ ਹੈ। ਅਪਣੇ ਸ਼ੂਟਿੰਗ ਕੈਰੀਅਰ ਦੌਰਾਨ, ਰਣਧੀਰ ਨੇ ਸਕੀਟ ਅਤੇ ਟ੍ਰੈਪ ਦੋਹਾਂ ਮੁਕਾਬਲਿਆਂ ’ਚ ਕਈ ਕੌਮੀ ਖ਼ਿਤਾਬ ਜਿੱਤੇ। ਜ਼ਿਕਰਯੋਗ ਹੈ ਪੰਜਾਬ ਦੇ ਪਟਿਆਲਾ ’ਚ ਜਨਮੇ ਰਣਧੀਰ ਸਿੰਘ ਲੰਮੇ ਸਮੇਂ ਤੋਂ ਆਈ.ਓ.ਸੀ. ਮੈਂਬਰ ਅਤੇ ਆਈ.ਓ.ਏ. ਦੇ ਪ੍ਰਧਾਨ ਭਲਿੰਦਰ ਸਿੰਘ ਦੇ ਬੇਟੇ ਹਨ। ਉਹ ਪਟਿਆਲਾ ਦੇ ਮਹਾਰਾਜਾ ਭੁਪਿੰਦਰ ਸਿੰਘ ਦਾ ਪੋਤਾ ਹੈ।

## Bhajan Kaur Finishes 22nd in Ranking Round



India's rising teenage archer Bhajan Kaur finished 22nd in the women's individual recurve archery ranking round at the Paris Olympic Games 2024 on Thursday (July 25). Kaur was the second-ranked Indian women on display, behind Ankita Bhakat (11th) and just ahead of Deepika Kumari (23rd). The 18-year-old came up with an aggregate score of 659 from her 72 arrows. Korea's Lim Sihyeon ended on top with a six-point margin, smashing the world record with an astounding total of 694. The 18-year-old Bhajan Kaur was in prime form, leading up to the Paris Olympics. The youngster had sealed her berth by striking gold in the Final Olympic Qualifier in Antalya on June 16.

## ਪੈਰਿਸ ਓਲੰਪਿਕ ਖੇਡਾਂ 2024: ਕੁਝ ਨੁਕਤੇ

ਪੈਰਿਸ ਓਲੰਪਿਕ ਖੇਡਾਂ ਦੇ ਰਸਮੀ ਉਦਘਾਟਨ ਤੋਂ ਪਹਿਲਾਂ ਹੀ ਫੁੱਟਬਾਲ, ਤੀਰਅੰਦਾਜ਼ੀ, ਹੈਂਡਬਾਲ ਅਤੇ ਰਗਬੀ ਦੇ ਮੁਕਾਬਲੇ ਸ਼ੁਰੂ ਹੋ ਗਏ ਹਨ। 19 ਦਿਨ ਚੱਲਣ ਵਾਲੇ ਇਸ ਓਲੰਪਿਕ ਖੇਡ ਮੇਲੇ ਵਿੱਚ 200 ਤੋਂ ਵੱਧ ਦੇਸ਼ਾਂ ਦੇ 10500 ਅਥਲੀਟ 32 ਕਿਸਮ ਦੇ 329 ਮੁਕਾਬਲਿਆਂ ਵਿੱਚ ਆਪਣੇ ਜੌਹਰ ਦਿਖਾਉਣਗੇ। ਨੌਜਵਾਨ ਦਰਸ਼ਕਾਂ ਨੂੰ ਆਕਰਸ਼ਿਤ ਕਰਨ ਲਈ ਬ੍ਰੇਕਿੰਗ, ਸਕੇਟਬੋਰਡਿੰਗ, ਸਰਫਿੰਗ ਅਤੇ ਸਪੋਰਟਸ ਕਲਾਈਂਬਿੰਗ ਜਿਹੇ ਮੁਕਾਬਲਿਆਂ ਨੂੰ ਸ਼ਾਮਿਲ ਕੀਤਾ ਗਿਆ ਹੈ। ਐਤਕੀਂ ਭਾਰਤ ਦੀ ਤਰਫ਼ੋਂ 100 ਤੋਂ ਵੱਧ ਅਥਲੀਟ ਭੇਜੇ ਗਏ ਹਨ ਜੋ 16 ਵਰਗਾਂ ਦੇ 69 ਮੈਡਲ ਈਵੈਂਟਾਂ ਲਈ ਆਪਣੀ ਜਾਨ ਲੜਾਉਣਗੇ। ਉਨ੍ਹਾਂ ਦੀ ਕਾਰਕਰਦਗੀ ’ਤੇ ਦੇਸ਼ ਦੇ ਲੋਕ ਜ਼ਰੂਰੀ ਤਾੜੀਆਂ ਮਾਰਨਗੇ ਪਰ ਇਹ ਸਵਾਲ ਅਜੇ ਵੀ ਖੜ੍ਹੇ ਹਨ ਕਿ ਸਾਡੇ ਨਾਲੋਂ ਕਿਤੇ ਛੋਟੇ ਮੁਲਕ ਆਖ਼ਿਰ ਐਨੇ ਜ਼ਿਆਦਾ ਤਗ਼ਮੇ ਕਿਵੇਂ ਜਿੱਤ ਲੈਂਦੇ ਹਨ ਅਤੇ ਖਿਡਾਰੀਆਂ ਦੀ ਸ਼ਕਤੀ ਦੇ ਪੱਧਰ ਵਿਚ ਇੰਨਾ ਖੱਪਾ ਕਿਉਂ ਨਜ਼ਰ ਆ ਰਿਹਾ ਹੈ। ਮੁੱਢਲੀ ਪ੍ਰਤਿਭਾ ਅਤੇ ਤਨਦੇਹੀ ਵੱਡੇ ਕਾਰਕ ਹੋ ਸਕਦੇ ਹਨ ਪਰ ਸਿਖਲਾਈ ਅਤੇ ਸਹਾਇਤਾ ਦਾ ਕੋਈ ਬਦਲ ਨਹੀਂ ਹੋ ਸਕਦਾ। ਅਧਿਐਨਾਂ ਤੋਂ ਪਤਾ ਲੱਗਦਾ ਹੈ ਕਿ ਕਿਸੇ ਦੇਸ਼ ਦੀ ਕੁੱਲ ਘਰੇਲੂ ਪੈਦਾਵਾਰ ਉਸ ਦੀ ਕਾਰਕਰਦਗੀ ਦਾ ਇਕਲੌਤਾ ਬਿਹਤਰੀਨ ਸੂਚਕ ਹੁੰਦੀ ਹੈ। ਪੁਰਾਣੇ ਸੋਵੀਅਤ ਸੰਘ ਅਤੇ ਪੂਰਬੀ ਬਲਾਕ ਦੇ ਦੇਸ਼ਾਂ ਦੀ ਖੇਡ ਸਫਲਤਾ ਦਾ ਸਿਹਰਾ ਉਨ੍ਹਾਂ ਦੇ ਸਾਧਨਾਂ ਦੀ ਲਾਮਬੰਦੀ ਨੂੰ ਦਿੱਤਾ ਜਾ ਸਕਦਾ ਹੈ। ਸਾਡੇ ਦੇਸ਼ ਵਿੱਚ ਇਸ ਸਾਲ ਖੇਡਾਂ ਲਈ 3442 ਕਰੋੜ ਰੁਪਏ ਦਾ ਬਜਟ ਰੱਖਿਆ ਗਿਆ ਹੈ ਜਿਸ ਵਿੱਚੋਂ 900 ਕਰੋੜ ਰੁਪਏ ਸਿਰਫ਼ ਖੇਲੋ ਇੰਡੀਆ ਲਈ ਰੱਖੇ ਗਏ ਹਨ। ਬਹੁਤ ਸਾਰੇ ਸੂਬਿਆਂ ਵੱਲੋਂ ਓਲੰਪਿਕ ’ਚੋਂ ਤਗ਼ਮਾ ਜਿੱਤਣ ਵਾਲੇ ਆਪਣੇ ਖਿਡਾਰੀਆਂ ਲਈ ਨਕਦ ਇਨਾਮ ਦਾ ਐਲਾਨ ਕੀਤਾ ਗਿਆ ਹੈ। ਸਟਾਰ ਅਥਲੀਟਾਂ ਨੂੰ ਸਿਖਲਾਈ ਲਈ ਵਿਦੇਸ਼ ਵੀ ਭੇਜ ਦਿੱਤਾ ਜਾਂਦਾ ਹੈ ਪਰ ਕੀ ਇਹ ਕਾਫ਼ੀ ਹੈ? ਬਿਨਾਂ ਸ਼ੱਕ, ਇਹ ਕਿਸੇ ਅਜਿਹੇ ਦੇਸ਼ ਲਈ ਕਾਫ਼ੀ ਨਹੀਂ ਹੈ ਜੋ ਓਲੰਪਿਕ ਖੇਡਾਂ ਦੀ ਮੇਜ਼ਬਾਨੀ ਕਰਨ ਦੀ ਆਸ ਲਾਈ ਬੈਠਾ ਹੈ।

# DESH VIDESH



## ਕਰੋ ਜਤਨ ਜੇ ਹੋਇ ਮਿਹਰਵਾਨਾ

– ਮਹਿੰਦਰ ਸਿੰਘ

ਹਰ ਸ਼ੈ ਜਾਂ ਵਸਤੂ ਨੂੰ ਪ੍ਰਾਪਤ ਕਰਨ ਲਈ ਯਤਨ ਕਰਨਾ ਪੈਂਦਾ ਹੈ। ਸਭ ਤੋਂ ਪ੍ਰਮੁੱਖ ਗੱਲ ਹੈ ਕਿ, ਜੀਵ ਇੱਕ ਅਜਿਹਾ ਪ੍ਰਾਣੀ ਹੈ ਜਿਸ ਦਾ ਜੀਵਨ ਉਸਦੀ ਉਰਜਾ-ਸ਼ਕਤੀ 'ਤੇ ਨਿਰਭਰ ਕਰਦਾ ਹੈ। ਉਸ ਨੂੰ ਭੁੱਖ ਲੱਗਦੀ ਹੈ ਤਾਂ ਉਸ ਨੂੰ ਆਪਣੇ ਪੇਟ ਦੇ ਅੰਦਰ ਉਰਜਾ ਪਾਨ ਦੀ ਲੋੜ ਹੁੰਦੀ ਹੈ। ਉਰਜਾ ਪਾਨ ਲਈ ਉਸ ਨੂੰ ਜਤਨ ਕਰਨਾ ਪੈਂਦਾ ਹੈ। ਅਨਾਜ, ਫਲ, ਆਦਿ ਨੂੰ ਲਿਆ ਕੇ ਆਪਣੇ ਪੇਟ (ਉਦਰ) ਵਿੱਚ ਪਾਣਾ ਪੈਂਦਾ ਹੈ, ਇਹ ਜਤਨ ਦੁਆਰਾ ਹੀ ਹੁੰਦਾ ਹੈ, ਇਹ ਸ਼ਕਤੀ ਸਾਨੂੰ ਜਤਨ ਨਾਲ ਹੀ ਮਿਲਦੀ ਹੈ।

ਵਾਹਿਗੁਰੂ ਦੀ ਮਿਹਰ ਜਾਂ ਬਖਸ਼ਿਸ਼ ਪ੍ਰਾਪਤ ਕਰਨ ਲਈ ਸਾਨੂੰ ਮਹਾਨ ਜਤਨ ਕਰਨੇ ਦੀ ਲੋੜ ਹੁੰਦੀ ਹੈ। ਜਿਸ ਤਰਹਾਂ ਸੂਰਜ ਹਮੇਸ਼ਾ ਪ੍ਰਕਾਸ਼ਮਾਨ ਹੈ ਅਤੇ ਇਸ ਦੀ ਧੁੱਪ/ਗਰਮੀ ਇਕ ਸਾਰ ਹੈ, ਸਹਿਜ ਰੂਪ ਵਿੱਚ ਪ੍ਰਾਪਤ ਹੈ, ਪਰ ਇਸ ਨੂੰ ਪ੍ਰਾਪਤ ਕਰਨ ਲਈ ਵੀ ਸਾਨੂੰ ਆਪਣੇ ਘਰਾਂ ਤੋਂ ਬਾਹਰ ਆ ਕੇ ਉਸਦੇ ਸਾਹਮਣੇ ਆਣ ਦਾ ਯਤਨ ਕਰਨਾ ਪੈਂਦਾ ਹੈ। ਤਾਂ ਹੀ, ਅਸੀਂ ਉਸਦੀ ਗਰਮੀ ਅਥਵਾ ਉਸਦੇ ਗੁਣਾਂ ਨੂੰ ਪ੍ਰਾਪਤ ਕਰ ਸਕਦੇ ਹਾਂ।

ਸਾਡਾ ਵਾਹਿਗੁਰੂ ਵੀ ਹਮੇਸ਼ਾ ਹੀ ਸਾਡੇ ਨਾਲ ਹੈ। ਸਾਡੇ ਸਾਰੇ ਜੀਵਾਂ ਦੇ ਆਸ -ਪਾਸ ਹੀ ਰਹਿੰਦਾ ਹੈ ,ਸਾਨੂੰ ਸਿਰਫ ਯਤਨ ਕਰਨ ਦੀ ਲੋੜ ਹੈ, ਅਸੀਂ ਕਿਹੜੇ ਯਤਨ ਨਾਲ ਉਸਦੇ ਨੇੜੇ, ਉਸਦੇ ਕਰੀਬ ਪਹੁੰਚਾਂਗੇ ਇਹ ਕੋਸ਼ਿਸ਼ ਸਾਨੂੰ ਕਰਨੀ ਪਵੇਗੀ । ਆਪਣੇ ਮਨ ਨੂੰ ਅਕਾਲ ਪੁਰਖ ਨਾਲ ਜੋੜਨਾ ਪਵੇਗਾ। ਉਸਦੇ ਸਿਮਰਨ- ਭਗਤੀ ਨਾਲ ਇਕਮਿਕ ਹੋਣਾ ਪਵੇਗਾ। ਗੁਰਬਾਣੀ ਅਨੁਸਾਰ:

**ਮਨ ਪਿਆਰਿਆ ਜੀਉ ਮਿਤ੍ਰਾ ਹਰਿ ਨਾਮੁ ਜਪਤ ਪਰਗਾਸੋ॥** (ਅੰਗ 79)

ਹੇ ਪਿਆਰੇ ਮਨ, ਹੇ ਮਿਤਰ ਮਨ: ਪਰਮਾਤਮਾ ਦਾ ਨਾਮ ਜਪਿਆ ਆਪਣੇ ਅੰਦਰ ਆਤਮਿਕ ਚਾਨਣ ਹੋ ਜਾਂਦਾ ਹੈ। ਯਾਨੀ ਵਾਹਿਗੁਰੂ ਨਾਲ ਸਾਂਝ ਪੈ ਜਾਂਦੀ ਹੈ। ਅਸਲ ਵਿੱਚ ਇਹ ਚਾਨਣ ਆਤਮਿਕ ਦਾਤ ਹੈ, ਜੋ ਸਤਿਗੁਰੂ ਦੁਆਰਾ ਪ੍ਰਦਾਨ ਹੁੰਦੀ ਹੈ। ਇਸ ਵਿੱਚ ਸਾਡੇ ਜੀਵਾਂ ਦਾ ਕੋਈ ਦਖਲ ਅਥਵਾ ਜੋਰ ਨਹੀਂ , ਇਹ ਤੇ ਗੁਰ ਪ੍ਰਸਾਦਿ ਹੈ।

ਗੁਰੂ ਨਾਨਕ ਸਾਹਿਬ ਜੀ ਨੇ ਗੁਰਸਿੱਖਾਂ ਦੇ ਕਲਿਆਣ ਲਈ ਦਸ ਜਾਮੇ ਧਾਰਨ ਕੀਤੇ ਅਤੇ ਆਪਣੀ ਬਖਸ਼ਿਸ਼ ਦੁਆਰਾ ਸਾਨੂੰ ਗੁਰਬਾਣੀ ਦੇ ਲੜ ਲਾਇਆ। ਜੋ ਗੁਰਬਾਣੀ ਦਾ ਪਾਠ, ਕੀਰਤਨ ਅਤੇ ਕਥਾ ਦੁਆਰਾ ਪ੍ਰਚਾਰ ਹੋ ਰਿਹਾ ਹੈ, ਇਹ ਸਭ ਭੂਲੇ ਹੋਏ ਜੀਵਾਂ ਦੇ ਕਲਿਆਣ ਹਿਤ ਸਤਿਗੁਰ ਦੀ ਮਿਹਰ ਬਖਸ਼ਿਸ਼ ਹੈ। ਜਤਨ ਤੇ ਜੀਵ ਨੂੰ ਹੀ ਕਰਨਾ ਪਵੇਗਾ, ਵਾਹਿਗੁਰੂ ਦੀ ਮਿਹਰ ਅਤੇ ਬਖਸ਼ਿਸ਼ ਨੂੰ ਲੈਣ ਵਾਸਤੇ। ਯਦੀ ਪਰਮਾਰਥ ਦੇ ਰਾਹ ਵਿੱਚ ਕੋਈ ਨੁਕਸ, ਢਿਲ, ਦੋਸ਼ ਹੁੰਦਾ ਹੈ, ਤਾਂ ਉਸ ਜੀਵ ਦੇ ਜਤਨ ਦੀ ਕਮਾਈ ਜਾਂ ਘਾਲਨਾ ਵਿੱਚ ਹੀ ਕਮੀ ਹੋ ਸਕਦੀ ਹੈ।

ਵਾਹਿਗੁਰੂ ਦੀ ਬਖਸ਼ਿਸ਼ ਤਾਂ ਧੁੱਪ ਦੀ ਤਰ੍ਹਾਂ ਸਦ ਬਖਸ਼ਿਦ ਸਦਾ ਮਿਹਰਵਾਨਾ ਅਮਿਟ ਸਦੀਵੀ ਅਤੇ ਇੱਕ ਸਾਰ ਵਰਤ ਰਹੀ ਹੈ। ਸਾਡਾ ਜਤਨ ਤਾਂ ਸਤਿਗੁਰੂ ਦੀ ਹਜੂਰੀ ਵਿੱਚ ਪੂਰਨ ਸ਼ਰਧਾ ਭਾਵਨਾ ਤੇ ਪਿਆਰ ਨਾਲ ਆਪਣੇ ਆਪ ਨੂੰ ਉਸਦੇ ਚਰਨ-ਸਰਨ ਜਾਣਾ ਹੈ। ਉਹ ਤਾਂ ਆਪਣੀ ਬਖਸ਼ਿਸ਼ ਦੁਆਰਾ ਬੇਅੰਤ ਤੇ ਅਮਿੰਟ ਇਲਾਹੀ ਦਾਤਾਂ ਦੀ ਝੜੀ ਸਦਾ ਹੀ ਲਗਾਈ ਰੱਖਦੇ ਹਨ। ਗੁਰਬਾਣੀ ਅਨੁਸਾਰ:

**ਝਿਮਿ ਝਿਮਿ ਵਰਸੈ ਅੰਮ੍ਰਿਤ ਧਾਰਾ॥**
**ਮਨੁ ਪੀਵੈ ਸੁਨਿ ਸਬਦੁ ਬੀਚਾਰਾ॥** (ਅੰਗ 79)

(ਬਾਕੀ ਅਗਲੀ ਵਾਰੀ)

## ਗੁਰੂ ਗ੍ਰੰਥ ਸਾਹਿਬ ਜੀ ਨੂੰ ਮੱਥਾ ਟੇਕਣ ਤੋਂ ਕੀ ਭਾਵ ਹੈ?

– ਸਰੋਜ ਕੌਰ, ਨਵੀਂ ਦਿੱਲੀ



ਗੁਰਸਿੱਖ ਜਦੋਂ ਗੁਰਦੁਆਰੇ ਜਾਂਦਾ ਹੈ ਤਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਮੱਥਾ ਟੇਕਦਾ ਹੈ, ਮੱਥਾ ਟੇਕਣ ਦਾ ਮਤਲਬ ਇਹ ਹੈ ਕਿ ਅਸੀਂ ਗੁਰੂ ਗ੍ਰੰਥ ਸਾਹਿਬ ਜੀ ਦਾ ਹਰ ਹੁਕਮ ਮੰਨਣ ਲਈ ਤਿਆਰ ਹਾਂ। ਅਸੀਂ ਆਪਣੀ ਮਰਜ਼ੀ ਬਿਲਕੁਲ ਨਹੀਂ ਕਰਾਂਗੇ। ਮਨਮਤ ਵੀ ਨਹੀਂ ਕਰਾਂਗੇ। ਭਰਮ ਭੁਲੇਖਿਆਂ ਤੋਂ ਬਾਹਰ ਨਿਕਲਾਂਗੇ। ਕਰਮ ਕਾਂਡਾਂ ਦੇ ਨੇੜੇ ਵੀ ਨਹੀਂ ਜਾਵਾਂਗੇ। ਜੋ ਸਿੱਖਿਆ ਆਪ ਜੀ ਨੇ ਸਾਨੂੰ ਦਿੱਤੀ ਹੈ ਉਹ ਸਿੱਖਿਆ ਹਮੇਸ਼ਾ ਆਪਣੇ ਲੜ ਬੰਨੀ ਰੱਖਾਂਗੇ। ਮੱਥਾ ਟੇਕਣ ਉਪਰੰਤ ਖੜੇ ਹੋ ਕੇ ਸਾਧ ਸੰਗਤ ਦੇ ਦਰਸ਼ਨ ਕਰਕੇ ਮਨ ਅੰਦਰ ਫਤਿਹ ਬੁਲਾਉਣੀ ਚਾਹੀਦੀ ਹੈ। ਗੁਰਸਿੱਖ ਕਦੇ ਭੁੱਲ ਕੇ ਵੀ ਕਿਸੇ ਦੇਹਧਾਰੀ ਨੂੰ ਮੱਥਾ ਨਹੀਂ ਟੇਕਦਾ।ਗੁਰਸਿੱਖ ਕਿਸੇ ਮੂਰਤੀ ਜਾਂ ਕਿਸੇ ਤਸਵੀਰ ਅੱਗੇ ਮੱਥਾ ਟੇਕਦਾ। ਉਹ ਆਪਣੇ ਗੁਰੂ ਦੀ ਗੱਲ ਮੰਨਦਾ ਹੈ। ਜੋ ਮਨੁੱਖ ਗੁਰੂ ਗ੍ਰੰਥ ਸਾਹਿਬ ਜੀ ਤੋਂ ਬਿਨ੍ਹਾਂ ਹੋਰ ਕਿਸੇ ਅੱਗੇ ਮੱਥਾ ਟੇਕਦਾ ਹੈ। ਉਹ ਗੁਰੂ ਦਾ ਸਿੱਖ ਨਹੀਂ ਹੋ ਸਕਦਾ। ਅਸੀਂ ਕੇਵਲ ਗੁਰੂ ਗ੍ਰੰਥ ਸਾਹਿਬ ਜੀ ਨੂੰ ਹੀ ਮੱਥਾ ਟੇਕਣਾ ਹੈ, ਕਿਉਂਕਿ ਸਾਡੇ ਗੁਰੂ ਸ਼ਬਦ ਗੁਰੂ ਗ੍ਰੰਥ ਸਾਹਿਬ ਜੀ ਹੀ ਹਨ। ਸੁਚੱਜੇ ਸਿੱਖ ਦਾ ਸਿਰ ਕੇਵਲ ਤੇ ਕੇਵਲ ਸ਼ਬਦ ਗੁਰੂ ਗੁਰੂ ਗ੍ਰੰਥ ਸਾਹਿਬ ਜੀ ਹੀ ਝੁਕਣਾ ਚਾਹੀਦਾ ਹੈ। – 9311177728

## Kargil War

(Continue from last week)

There was chaos all around with abuses being shouted on both sides but I managed to kill him," Havildar Satpal Singh who also earned a Vir Chakra in the same battle told The Indian Express.

Little did he know at the time that the man with whom he had engaged in hand-to-hand combat was Capt Karnal Sher Khan of the Northern Light Infantry (NLI) of the Pakistan Army and who received Pakistan's highest gallantry award, Nishan-e-Haider, on the recommendation of the Indian brigade Commander Brig Bajwa who put a chit in the pocket of the dead Pakistani Captain's tracksuit.



# HERITAGE

## ਸੈਕਰਾਮੈਂਟੋ 'ਚ ਹੋਈਆਂ ਸੀਨੀਅਰ ਖੇਡਾਂ ਵਿੱਚ ਲਿਆ ਪੰਜਾਬੀਆਂ ਨੇ ਹਿੱਸਾ



ਯੂਐਸਏ ਟ੍ਰੈਕ ਐਂਡ ਫੀਲਡ ਆਊਟਡੋਰ ਚੈਂਪੀਅਨਸ਼ਿਪ ਅਮਰੀਕਨ ਰਿਵਰ ਕਾਲਜ ਸਟੇਡੀਅਮ ਸੈਕਰਾਮੈਂਟੋ ਵਿੱਚ ਹੋਈ, ਜਿਸ ਵਿੱਚ ਦੁਨੀਆ ਭਰ ਦੇ ਲਗਭਗ 3000 ਪੁਰਸ਼ ਅਤੇ ਮਹਿਲਾ ਅਥਲੀਟਾਂ ਨੇ ਹਿੱਸਾ ਲਿਆ। ਆਸਟ੍ਰੇਲੀਆ, ਯੂਨਾਈਟਿਡ ਕਿੰਗਡਮ, ਆਇਰਲੈਂਡ, ਮੈਕਸੀਕੋ, ਪੇਰੂ ਅਤੇ ਭਾਰਤ ਤੋਂ ਇਲਾਵਾ ਹੋਰ ਦੇਸ਼ਾਂ ਦੇ ਐਥਲੀਟ ਵੀ ਇਸ ਮੀਟ ਦਾ ਹਿੱਸਾ ਬਣੇ। ਇਹਨਾਂ ਖੇਡਾਂ ਵਿੱਚ ਪੰਜ ਪੰਜਾਬੀਆਂ ਨੇ ਵੀ ਹਿੱਸਾ ਲਿਆ। ਫਰਿਜ਼ਨੋ ਦੇ ਗੁਰਬਖਸ਼ ਸਿੰਘ ਸਿੱਧੂ ਨੇ ਹੈਮਰ ਥਰੋਅ ਵਿੱਚ ਕਾਂਸੀ ਦਾ ਤਗਮਾ ਅਤੇ ਵੇਟ ਥਰੋਅ ਵਿੱਚ ਚੌਥਾ ਸਥਾਨ ਹਾਸਲ ਕੀਤਾ। ਲਾਸ ਏਂਜਲਸ ਇਲਾਕੇ ਦੇ ਬਲਵਿੰਦਰ ਸਿੰਘ ਖਟੜਾ ਨੇ ਜੈਵਲਿਨ ਥਰੋਅ ਵਿੱਚ ਚਾਂਦੀ ਦਾ ਤਗਮਾ ਜਿੱਤਿਆ। ਫਰਿਜ਼ਨੋ ਦੇ ਸੁਖਨੈਨ ਸਿੰਘ ਨੇ ਟ੍ਰਿਪਲ ਜੰਪ ਵਿੱਚ 5ਵਾਂ ਅਤੇ ਲੰਬੀ ਛਾਲ ਵਿੱਚ 8ਵਾਂ ਸਥਾਨ ਪ੍ਰਾਪਤ ਕੀਤਾ। ਸੈਲਮਾ ਦੇ ਕੁਲਵੰਤ ਸਿੰਘ ਲੰਬਰ ਜੋ ਕਿ ਪੰਜਾਬ ਤੋਂ ਸੇਵਾਮੁਕਤ ਪੁਲਿਸ ਅਧਿਕਾਰੀ ਵੀ ਹਨ; ਨੇ ਡਿਸਕਸ ਥਰੋਅ ਵਿੱਚ ਹਿੱਸਾ ਲਿਆ ਅਤੇ ਜੈਵਲਿਨ ਥਰੋਅ ਵਿੱਚ 8ਵਾਂ ਅਤੇ 5ਵਾਂ ਸਥਾਨ ਪ੍ਰਾਪਤ ਕੀਤਾ। ਇਸ ਟਰੈਕ ਐਂਡ ਫੀਲਡ ਮੁਕਾਬਲੇ ਵਿੱਚ ਭਾਰਤ ਤੋਂ ਪੰਜਾਬ ਪੁਲਿਸ ਦੇ ਅਧਿਕਾਰੀ ਜਸਪਿੰਦਰ ਸਿੰਘ ਨੇ 100 ਮੀਟਰ ਹਰਡਲਜ਼ ਵਿੱਚ ਕਾਂਸੀ ਦਾ ਤਗਮਾ ਜਿੱਤਿਆ।

## ਬੈਂਕ ਆਫ ਕੈਨੇਡਾ ਨੇ ਵਿਆਜ਼ ਦਰਾਂ ਘੱਟ ਕੀਤੀਆਂ




ਬੈਂਕ ਆਫ ਕੈਨੇਡਾ ਨੇ ਲਗਾਤਾਰ ਦੂਜੀ ਵਾਰ ਆਪਣੀ ਨੀਤੀਗਤ ਵਿਆਜ ਦਰ ਵਿੱਚ ਕਮੀ ਕੀਤੀ ਹੈ ਅਤੇ ਸੰਕੇਤ ਦਿੱਤਾ ਹੈ ਕਿ ਜੇਕਰ ਮਹਿੰਗਾਈ ਵਿੱਚ ਕਮੀ ਜਾਰੀ ਰਹੀ ਤਾਂ ਹੋਰ ਕਟੌਤੀ ਕੀਤੀ ਜਾਵੇਗੀ। 25 ਬੇਸਿਸ ਅੰਕਾਂ ਦੀ ਕਟੌਤੀ ਨਾਲ ਵਿਆਜ ਦਰ 4.5 ਫ਼ੀਸਦੀ ਹੋ ਗਈ ਹੈ ਇਸ ਤੋਂ ਪਹਿਲਾਂ ਪਿਛਲੇ ਮਹੀਨੇ ਵਿਆਜ਼ ਦਰ 5 ਫ਼ੀਸਦੀ ਤੋਂ ਘਟਾਕੇ 4.75 ਫ਼ੀਸਦੀ ਕੀਤੀ ਗਈ ਸੀ। ਬੈਂਕ ਆਫ ਕੈਨੇਡਾ ਦੇ ਗਵਰਨਰ ਟਿਫ ਮੈਕਲੇਮ ਨੇ ਕਿਹਾ ਕਿ ਇਹ ਫ਼ੈਸਲਾ ਆਰਥਿਕ ਆਂਕੜਿਆਂ 'ਤੇ ਆਧਾਰਿਤ ਸੀ, ਜੋ ਲੇਬਰ ਮਾਰਕੀਟ ਵਿੱਚ ਸੁਸਤੀ, ਮਾਲੀ ਹਾਲਤ ਵਿੱਚ ਵਾਧੂ ਸਪਲਾਈ ਅਤੇ ਮਹਿੰਗਾਈ ਵਿੱਚ ਲਗਾਤਾਰ ਗਿਰਾਵਟ ਵਿਖਾ ਰਹੇ ਸਨ। ਮੈਕਲੇਮ ਨੇ ਕਿਹਾ ਕਿ ਸਾਨੂੰ ਇਸ ਗੱਲ ਦਾ ਪੂਰਾ ਭਰੋਸਾ ਹੈ ਕਿ ਮਹਿੰਗਾਈ ਨੂੰ ਟੀਚੇ 'ਤੇ ਵਾਪਿਸ ਲਿਆਉਣ ਲਈ ਸਾਰੇ ਤੱਤ ਮੌਜੂਦ ਹਨ। ਵਰਨਣਯੋਗ ਹੈ ਜੂਨ 2022 ਵਿੱਚ ਮਹਿੰਗਾਈ ਦਰ 8.1 ਫ਼ੀਸਦੀ ਸੀ ਅਤੇ ਪਿਛਲੇ ਮਹੀਨੇ ਯਾਨੀ ਜੂਨ ਵਿੱਚ ਇਹ 2.7 ਫ਼ੀਸਦੀ 'ਤੇ ਆ ਗਈ ਹੈ।

## Reader's Feedback

Interesting articles published by team, especially lost mainland behind Canada and Mainland as I am basically a Geologist and can technically relate to that later on I specialized in petroleum exploration from IIT ISM and served as CEO of energy Oil & Gas company in Bogota colombia. I have vivid memories of that. Later place as I was the only turbaned sikh and got lot of respect from Spanish people and my company staff who wanted to know more about Sikhism. Although there was no Gurdwara in Bogota, Colombia I had the opportunity to meet sikh family who had kept Saroop of Sri Guru Granth Sahib in their house and used to do Paath and Kirtan once a week I also had the chance to meet President of the country and released a book on 10 years of Indo China joint venture company. Best wishes to the team for their efforts.

- Dr. Harvinderjit Singh
Exec.Director and Technical Head (Retd.), ONGC Videsh Ltd.

## ◆◆ ਰੋਸੁ ਨ ਕੀਜੈ ਉਤਰੁ ਦੀਜੈ ◆◆

**1. ਗੁਰੂ ਗ੍ਰੰਥ ਸਹਿਬ ਜੀ ਦੇ ਪਹਿਲੇ 13 ਅੰਕਾ 'ਤੇ ਸੁਸ਼ੋਭਿਤ ਨਿਤਨੇਮ ਦੀ ਕਿਹੜੀ ਬਾਣੀ ਵਿੱਚ 'ਸੁਹੇਲਾ' ਸ਼ਬਦ ਆਇਆ ਹੈ ਜਿਸਦਾ ਅਰਥ 'ਸੁਖਾਵਾਂ' ਹੈ?**

a. ਜਪੁਜੀ, ਸੋ ਪੁਰਖੁ    b. ਜਪੁਜੀ, ਸੋਦਰੁ
c. ਸੋ ਪੁਰਖੁ    d. ਸੋਹਿਲਾ

**2. ਗੁਰੂ ਗ੍ਰੰਥ ਸਹਿਬ ਜੀ ਦੇ ਪਹਿਲੇ 13 ਅੰਕਾ 'ਤੇ ਸੁਸ਼ੋਭਿਤ ਨਿਤਨੇਮ ਦੀ ਕਿਹੜੀ ਬਾਣੀ ਵਿੱਚ 'ਅਮੁਲ' ਸ਼ਬਦ ਆਇਆ ਹੈ ਜਿਸਦਾ ਅਰਥ 'ਬੇਸ਼ਕੀਮਤੀ' ਹੈ?**

a. ਜਪੁਜੀ    b. ਸੋਦਰ
c. ਸੋ ਪੁਰਖੁ    d. ਸੋਹਿਲਾ

**3. Which is the only medal conferred upon Lt. Gen. Jagmohan Singh Sidana from the Corps of Electronics and Mechanical Engineers for his distinguished services to date?**

a. Yudh Seva Medal
b. Ati Vishisht Seva Medal
c. Param Vishisht Seva Medal
d. Uttam Yudh Seva Medal

**4. During the Defence Investiture Ceremony (Phase-2) at Rashtrapati Bhawan, New Delhi which medal was awarded to Lt. Gen. Prit Pal Singh by Honourable President of India, Smt. Draupadi Murmu, for his distinguished services?**

a. Saravottam Yudh Seva Medal
b. Param Vishisht Seva Medal
c. Ati Vishisht Seva Medal
d. Vishisht Seva Medal

(ਦੇਖੋ ਉੱਤਰ ਪੰਨਾ 4 'ਤੇ)



# Embracing Life's Fleeting Moments: A Reflection on The Crane and the Hawks

- Japleen Kaur*

In the whirlwind of our everyday lives, it's easy to become consumed by our ambitions, pleasures, and the tasks we face. This often leads us to neglect the ephemeral nature of our existence. We seldom take the time to contemplate the certainty of death, which can arrive suddenly and change everything.

The Lesson from Sheikh Farid ji

ਫਰੀਦਾ ਦਰੀਆਵੈ ਕੰਨ੍ਹੈ ਬਗੁਲਾ ਬੈਠਾ ਕੇਲ ਕਰੇ ॥
Fareed, the crane perches on the river bank,
playing joyfully.

ਕੇਲ ਕਰੇਦੇ ਹੰਝ ਨੋ ਅਚਿੰਤੇ ਬਾਜ ਪਏ ॥
While it is playing, a hawk suddenly pounces on it.

ਬਾਜ ਪਏ ਤਿਸੁ ਰਬ ਦੇ ਕੇਲਾਂ ਵਿਸਰੀਆਂ ॥
When the Hawk of God attacks,
playful sport is forgotten.

ਜੋ ਮਨਿ ਚਿਤਿ ਨ ਚੇਤੇ ਸਨਿ ਸੋ ਗਾਲੀ ਰਬ ਕੀਆਂ ॥
God does what is not expected or even considered.

A profound lesson from Sheikh Farid ji offers a moment of contemplation: A carefree crane sat by the riverbank, lost in its own playful joy. Suddenly, a flock of hawks descended, seizing the crane without warning. This abrupt and unforeseen attack shattered the crane's moment of peace and joy.

The imagery of the carefree crane starkly illustrates the sudden and inevitable nature of death. The innocent joy of the crane is abruptly disrupted by the hawks, symbolizing life's unpredictability and the certainty of death. This scenario mirrors our human experience, where we often become so engrossed in life's transient pleasures that we forget the inevitability of our own end.

## Embracing Mortality

This reflection encourages us to pause and consider our mortality and the fleeting joys of worldly life. Like the crane, we often become engrossed in the pursuit of pleasure and material gain, rarely contemplating the certainty of death. The relentless chase for enjoyment and success blinds us to the reality that our time is limited. The hawks, representing death, strike without warning, reminding us that no one is immune to its reach.

The inevitability of death calls us to live with intention and depth. It urges us to reflect on what it means to truly live, beyond mere existence and the pursuit of worldly pleasures. The story of the crane is a reminder that we often perceive ourselves as invulnerable, only to be jolted by harsh realities.

## Living with Intention

Recognizing the certainty of death can lead to a deeper appreciation of life. This awareness enhances our engagement with each moment, allowing us to fully embrace the present. It encourages us to seek a connection with IkOankar, the One, the Creator, and to value the preciousness of our limited time on this earth.

Will we recognize the fleeting nature of life and prepare ourselves for the final embrace? Will we strive to live with deep awareness and feel the tender touch of Grace?

May the Wisdom-Guru guide us!

## Mindfulness in Daily Life

Reflecting on the story of the crane and the hawks, we are reminded of the importance of mindfulness in our daily lives. Mindfulness encourages us to be present, to appreciate the beauty and fragility of each moment. It calls us to live with a sense of purpose and to seek connections that go beyond the superficial and the material. (Continued)

* Creative Writer, Red FM (Canada)

## SIKH MATRIMONIALS

Gursikh Boy B Arch & Interior Designing, PG from Ottawa, Working in Ottawa , Canada. Father Businessman. Contact +91 7011216363

Gursikh Boy 28/5'10"/BTech/PG course from Toronto/ Canada PR/FatherAdvocate Delhi HC,Mother Retire from SBI/Contact +91 9810396775

Sikh girl 31/5'/ B.Tech /Canada PR/ Tech Advisor/ Parents Retd Govt official in Mohali SAS Nagar Contact +91 98157 75166

ਪੰਨਾ 3 'ਤੇ ਦਿੱਤੇ ਪ੍ਰਸ਼ਨਾਂ ਦੇ ਉੱਤਰ: 1. D 2. A 3. B 4. C

Chief Editor: Dr. Harjinder Singh Editor: Dr. Davinder Singh Designer: Pavit Singh
Advisory Board: Gujinder Singh (USA), Harpreet Kaur (Belgium), Harmohinder Singh (USA), Mamta Kaur (India), Taranpreet Singh (India), Harman Singh (Canada)


email: canadasikhtimes@gmail.com, M: +1 437 673 7555